Alberta

ਨਿਊਜ਼ ਰਿਲੀਜ਼

# ਸੀਨੀਅਰਾਂ ਲਈ ਜ਼ਿੰਦਗੀ ਨੂੰ ਪੁੱਜਤਯੋਗ ਬਣਾਈ ਰੱਖਣਾ

28 ਮਾਰਚ 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਸਰਕਾਰ ਸੀਨੀਅਰਾਂ ਨੂੰ ਨਿੱਜੀ ਰਜਿਸਟਰੀ ਸੇਵਾਵਾਂ 'ਤੇ 25 ਪ੍ਰਤਿਸ਼ਤ ਡਿਸਕਾਊਂਟ ਦੇਣ ਦਾ ਆਪਣਾ ਵਾਅਦਾ ਪੂਰਾ ਕਰ ਰਹੀ ਹੈ।

ਕਈ ਸਾਰੇ ਸੀਨੀਅਰ ਨਿਯਤ ਆਮਦਨੀਆਂ ਉਪਰ ਨਿਰਭਰ ਕਰਦੇ ਹਨ ਅਤੇ ਜੀਵਨ ਨਿਰਬਾਹ ਦੀਆਂ ਵਧੀ ਜਾ ਰਹੀਆਂ ਕੀਮਤਾਂ ਦਾ ਮਤਲਬ ਹੈ ਉਨ੍ਹਾਂ ਦੀਆਂ ਰੋਜ਼ਾਨਾਂ ਜ਼ਿੰਦਗੀਆਂ 'ਤੇ ਵਧੇਰੇ ਦਬਾਉ। ਐਲਬਰਟਾ ਦੇ ਸੀਨੀਅਰਾਂ ਨੂੰ ਸਥਿਰਤਾ 'ਤੇ ਨਿਰਭਰ ਹੋਣ ਦੇ ਯੋਗ ਹੋਣਾ ਚਾਹੀਦਾ ਹੈ ਅਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਸਰਕਾਰ ਉਨ੍ਹਾਂ ਵਾਸਤੇ ਜ਼ਿੰਦਗੀ ਨੂੰ ਪੁੱਜਤਯੋਗ ਬਣਾਈ ਰੱਖਣ ਲਈ ਕੰਮ ਕਰ ਰਹੀ ਹੈ।

ਸੀਨੀਅਰਾਂ ਵਾਸਤੇ ਜ਼ਿੰਦਗੀ ਨੂੰ ਪੁੱਜਤਯੋਗ ਬਣਾਉਣ 'ਚ ਮਦਦ ਕਰਨ ਵਾਸਤੇ ਐਲਬਰਟਾ ਸਰਕਾਰ ਨਿੱਜੀ ਰਜਿਸਟਰੀ ਸੇਵਾਵਾਂ 'ਤੇ 25 ਪ੍ਰਤਿਸ਼ਤ ਡਿਸਕਾਊਂਟ ਦੇਣ ਦੇ ਆਪਣੇ ਕੀਤੇ ਵਾਅਦੇ ਨੂੰ ਪੂਰਿਆਂ ਕਰ ਰਹੀ ਹੈ। ਇਹ ਅੰਦਾਜ਼ਾ ਲਾਇਆ ਗਿਆ ਹੈ ਕਿ ਇਸ ਨਾਲ 725,000 ਤੋਂ ਵਧੇਰੇ ਐਲਬਰਟਾ ਸੀਨੀਅਰਾਂ ਨੂੰ ਫਾਇਦਾ ਪਹੁੰਚੇਗਾ।

“ਪਿਛਲੇ ਸਾਲ ਅਸੀਂ ਐਲਬਰਟਾ ਦੇ ਸੀਨੀਅਰਾਂ ਨਾਲ ਵਾਅਦਾ ਕੀਤਾ ਸੀ ਕਿ ਅਸੀਂ ਰਜਿਸਟਰੀ ਦਫਤਰਾਂ 'ਚ ਉਨ੍ਹਾਂ ਦੇ ਹੁੰਦੇ ਖਰਚਿਆਂ ਨੂੰ ਘਟਾਵਾਂਗੇ ਅਤੇ 1 ਅਪਰੈਲ ਨੂੰ ਅਸੀਂ ਬਿਲਕੁਲ ਉਹੀ ਕਰ ਰਹੇ ਹਾਂ। ਇਸ ਤਰੀਕੇ ਨਾਲ ਐਲਬਰਟਾ ਸੀਨੀਅਰਾਂ ਦੁਆਰਾ ਬਚਾਇਆ ਗਿਆ ਹਰੇਕ ਡਾਲਰ ਇਕ ਹੋਰ ਡਾਲਰ ਹੋਵੇਗਾ ਜੋ ਉਨ੍ਹਾਂ ਦੀਆਂ ਜੇਬਾਂ 'ਚ ਵਾਪਸ ਜਾਵੇਗਾ, ਜਿਸਨੂੰ ਉਹ ਆਪਣੀਆਂ ਤਰਜੀਹਾਂ ਉਪਰ ਚੰਗੇਰੀ ਤਰ੍ਹਾਂ ਖਰਚ ਸਕਦੇ ਹਨ।”

*Danielle Smith, ਪ੍ਰੀਮੀਅਰ*

1 ਅਪਰੈਲ ਤੋਂ, ਸੀਨੀਅਰ ਜਦੋਂ ਆਪਣੇ ਪਸੰਦੀਦਾ ਰਜਿਸਟਰੀ ਦਫਤਰ ਜਾਣਗੇ ਤਾਂ ਉਹ ਸੇਵਾਵਾਂ, ਜਿਵੇਂ ਗੱਡੀ ਦੀ ਰਜਿਸਟਰੇਸ਼ਨ ਨਵਿਆਉਣੀ, ਡਰਾਈਵਰ ਲਾਇਸੈਂਸ, ਸਟੈਂਡਰਡ ਪਲੇਟਾਂ ਅਤੇ ਵਾਇਟਲ ਸਟੈਟਿਸਟਿਕਸ ਪ੍ਰਾਡਕਟ, ਜਿਵੇਂ ਵਿਆਹ ਦੇ ਲਾਇਸੈਂਸ ਉੱਪਰ ਡਿਸਕਾਊਂਟ ਲੈ ਸਕਣ ਦੇ ਯੋਗ ਹੋਣਗੇ। ਯੋਗ ਸੀਨੀਅਰ ਜ਼ਰੂਰ ਐਲਬਰਟਾ ਦੇ ਵਾਸੀ ਹੋਣ ਅਤੇ ਰਜਿਸਟਰੀ ਸੇਵਾਵਾਂ ਜਾਂ ਪ੍ਰਾਡਕਟ ਲੈਣ ਦੇ ਦਿਨ ਉਹ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋਣ।

ਇਹ ਡਿਸਕਾਊਂਟ ਐਲਬਰਟਾ ਰਜਿਸਟਰੀ ਏਜੰਟ ਦਫਤਰਾਂ 'ਚ ਕਈ ਸਾਰੀਆਂ ਨਿੱਜੀ ਰਜਿਸਟਰੀ ਸੇਵਾਵਾਂ ਉੱਪਰ ਲਾਗੂ ਹੋਵੇਗਾ। MyAlberta eServices ਰਾਹੀਂ ਆਨਲਾਈਨ ਨਿੱਜੀ ਰਜਿਸਟਰੀ ਸੇਵਾਵਾਂ ਖਰੀਦਣ ਵਾਲੇ ਸੀਨੀਅਰ ਵੀ ਡਿਸਕਾਊਂਟ ਤੱਕ ਪਹੁੰਚ ਕਰ ਸਕਣ ਦੇ ਯੋਗ ਹੋਣਗੇ।

"ਇਸ ਵਾਅਦੇ ਨੂੰ ਪੂਰਿਆਂ ਕਰਨਾਂ ਸਾਡੀ ਸਰਕਾਰ ਦੀ ਇਕ ਮੁੱਖ ਤਰਜੀਹ ਸੀ। ਬੀਤੇ ਕੁਝ ਸਾਲਾਂ ਦੌਰਾਨ ਵਧ ਰਹੀਆਂ ਕੀਮਤਾਂ ਨੇ ਬਹੁਤ ਸਾਰੇ ਸੀਨੀਅਰਾਂ ਲਈ ਆਪਣਾ ਗੁਜ਼ਾਰਾ ਚਲਾ ਸਕਣ ਨੂੰ ਮੁਸ਼ਕਿਲ ਬਣਾ ਦਿੱਤਾ ਹੋਇਆ ਹੈ। ਇਹ ਡਿਸਕਾਊਂਟ ਸੀਨੀਅਰਾਂ ਲਈ ਕੁਝ ਵਾਹਵਾ ਰਾਹਤ ਪ੍ਰਦਾਨ ਕਰੇਗਾ, ਜਿੰਨ੍ਹਾਂ 'ਚੋਂ ਬਹੁਤ ਸਾਰੇ ਨਿਯਤ ਆਮਦਨੀ 'ਤੇ ਹਨ, ਅਤੇ ਇਹ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਵਧੇਰੇ ਪੁੱਜਤਯੋਗ ਬਣਾਵੇਗਾ।"

*Dale Nally, ਮਿਨਿਸਟਰ ਆਫ ਸਰਵਿਸ ਐਲਬਰਟਾ ਐਂਡ ਰੈੱਡ ਟੇਪ ਰਿਡਕਸ਼ਨ*

"ਸੀਨੀਅਰਾਂ ਦਾ ਇਹ ਡਿਸਕਾਊਂਟ 725,000 ਤੋਂ ਵਧੇਰੇ ਸੀਨੀਅਰਾਂ ਨੂੰ ਫਾਇਦਾ ਪੁਚਾਵੇਗਾ। ਐਲਬਰਟਾ 'ਚ ਸਭ ਤੋਂ ਵੱਧ ਤੇਜ਼ੀ ਨਾਲ ਵਧਦੇ ਉਮਰ ਦੇ ਗਰੁੱਪ ਵਜੋਂ, ਬਹੁਤ ਸਾਰੇ ਸੀਨੀਅਰ ਆਪਣੀਆਂ ਮੁੱਢਲੀਆਂ ਲੋੜਾਂ ਨੂੰ ਪੂਰਿਆਂ ਕਰਨ ਅਤੇ ਆਪਣੇ ਘਰਾਂ 'ਚ ਸੁਰੱਖਿਅਤ ਢੰਗ ਨਾਲ ਬੁੱਢੇ ਹੋਣ ਵਾਸਤੇ ਇੰਨਕਮ ਸੁਪੋਰਟ 'ਤੇ ਨਿਰਭਰ ਕਰਦੇ ਹਨ। ਪੈਸਾ ਵਾਪਸ ਉਨ੍ਹਾਂ ਦੀਆਂ ਜੇਬਾਂ 'ਚ ਪਾਉਣਾ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਚੰਗੇਰੀਆਂ ਬਣਾਵੇਗਾ।"

*Jason Nixon, ਮਿਨਿਸਟਰ ਆਫ ਸੀਨੀਅਰਜ਼, ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼*

ਬੱਜਟ 2024 ਦੇ ਇਕ ਭਾਗ ਵਜੋਂ ਨਿੱਜੀ ਰਜਿਸਟਰੀ ਸੇਵਾਵਾਂ 'ਤੇ ਸੀਨੀਅਰ ਡਿਸਕਾਊਂਟ ਦਾ ਮਤਲਬ ਹੋਵੇਗਾ 2024-25 ਦੇ ਵਿੱਤੀ ਵਰ੍ਹੇ ਲਈ 16.5 ਤੋਂ 20 ਮਿਲੀਅਨ ਡਾਲਰ ਦੀਆਂ ਸਲਾਨਾਂ ਬੱਚਤਾਂ। ਇੰਨ੍ਹਾਂ ਬੱਚਤਾਂ ਦਾ ਮਤਲਬ ਹੈ ਕਿ ਐਲਬਰਟਾ ਦੇ ਸੀਨੀਅਰ ਆਪਣੀਆਂ ਜੇਬਾਂ ਵਿਚ ਵਧੇਰੇ ਪੈਸਾ ਰੱਖ ਸਕਣਗੇ, ਜਿਸ ਨੂੰ ਉਹ ਆਪਣੀਆਂ ਹੋਰ ਲੋੜਾਂ ਵਾਸਤੇ ਵਰਤ ਸਕਣਗੇ।

***ਸੀਨੀਅਰਾਂ ਦੇ ਇਸ ਡਿਸਕਾਊਂਟ ਨੂੰ ਬੱਜਟ 2024 ਦਾ ਸਮਰਥਨ ਹੈ, ਜੋ ਐਲਬਰਟਾ ਦੇ ਮੁਕਾਬਲਾਮਈ ਫਾਇਦੇ ਨੂੰ ਬਣਾਉਣਾ ਜਾਰੀ ਰੱਖਣ ਵਾਸਤੇ, ਸਿਹਤ ਸੰਭਾਲ ਅਤੇ ਸਿੱਖਿਆ ਨੂੰ ਮਜ਼ਬੂਤ ਕਰਨ, ਸੁਰੱਖਿਅਤ ਅਤੇ ਸਹਿਯੋਗੀ ਕਮਿਊਨਿਟੀਆਂ ਉਸਾਰਨ, ਸੂਬੇ ਦੇ ਸਰੋਤਾਂ ਨੂੰ ਸਿਆਣਪ ਸਹਿਤ ਵਰਤਣ ਅਤੇ ਨੌਕਰੀਆਂ ਪੈਦਾ ਕਰਨ ਨੂੰ ਬੜ੍ਹਾਵਾ ਦੇਣ ਦੀ ਇਕ ਜ਼ਿੰਮੇਵਾਰਾਨਾਂ ਪ੍ਰਕਾਰ ਦੀ ਯੋਜਨਾਂ ਹੈ।***

## ਫੌਰੀ ਤੱਥ

- ਸੀਨੀਅਰਾਂ ਦਾ ਡਿਸਕਾਊਂਟ ਕਾਰਪੋਰੇਟ ਅਤੇ ਬਿਜ਼ਨਸ ਸੇਵਾਵਾਂ, ਨਿੱਜੀ ਪ੍ਰਾਪਰਟੀ ਸੇਵਾਵਾਂ, ਕਮਰਸ਼ੀਅਲ ਵਹੀਕਲ ਰਜਿਸਟਰੇਸ਼ਨਾਂ ਜਾਂ ਵਿਕਲਪੀ ਪ੍ਰਾਡਕਟਾਂ ਜਿਵੇਂ ਨਿੱਜੀਕ੍ਰਿਤ ਅਤੇ ਵਿਸ਼ੇਸ਼ੀਕ੍ਰਿਤ ਲਾਇਸੈਂਸ ਪਲੇਟਾਂ 'ਤੇ ਲਾਗੂ ਨਹੀਂ ਹੁੰਦਾ।
- ਡਿਸਕਾਊਂਟ ਐਨਫੋਰਸਮੈਂਟ ਉਪਾਵਾਂ, ਜਿਵੇਂ ਸਪੀਡਿੰਗ ਟਿਕਟਾਂ 'ਤੇ ਲਾਗੂ ਨਹੀਂ ਹੋਵੇਗਾ।
- ਡਿਸਕਾਊਂਟ ਉਨ੍ਹਾਂ ਟ੍ਰਾਂਜ਼ੈਕਸ਼ਨਾਂ 'ਤੇ ਲਾਗੂ ਨਹੀਂ ਹੋਵੇਗਾ ਜਿਹੜੀਆਂ 1 ਅਪਰੈਲ ਤੋਂ ਪਹਿਲਾਂ ਹੋਈਆਂ ਹੋਣਗੀਆਂ।

- ਰਜਿਸਟਰੀ ਏਜੰਟਾਂ ਕੋਲ ਡਿਸਕਾਊਂਟ ਲਈ ਯੋਗ ਬਣਦੀਆਂ ਸੇਵਾਵਾਂ ਦੀ ਮੁਕੰਮਲ ਲਿਸਟ ਹੈ।

## ਸਬੰਧਤ ਜਾਣਕਾਰੀ

- www.alberta.ca/seniors-discount

## ਮੀਡੀਆਂ ਇੰਨਕੁਆਰੀਆਂ


### Sam Blackett

587-589-6048
ਪ੍ਰੈੱਸ ਸੈਕਰੇਟਰੀ, ਪ੍ਰੀਮੀਅਰ ਆਫ ਐਲਬਰਟਾ

### Nicky Gocuan

587-588-5952
ਪ੍ਰੈੱਸ ਸੈਕਰੇਟਰੀ, ਸਰਵਿਸ ਐਲਬਰਟਾ ਐਂਡ ਰੈੱਡ ਟੇਪ ਰਿਡਕਸ਼ਨ